# ਦਾਖਲੇ ਤੇ ਟਿਕਟਾਂ ਖਰੀਦਣ ਲਈ ਸ਼ਰਤਾਂ :
## ਸੇਫਟੀ ਹੀ ਸਾਡੀ ਮੁੱਖ ਤਰਜੀਹ ਹੈ

*ਸਾਰੇ ਮਹਿਮਾਨਾਂ ਲਈ ਸਫਾਰੀ ਦਾ ਇਹ ਦਿਨ ਯਾਦਗਾਰੀ ਬਣੇ ਤੇ ਆਨੰਦਮਈ ਹੋਵੇ ਇਸ ਲਈ ਕਿਰਪਾ ਕਰਕੇ ਹੇਠ ਲਿਖੀ ਅਹਿਮ ਜਾਣਕਾਰੀ ਉੱਤੇ ਇੱਕ ਵਾਰੀ ਨਿਗ੍ਹਾ ਜ਼ੂਰ ਮਾਰ ਲਵੋ। ਸਾਰੇ ਮਹਿਮਾਨਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਦਾਖਲੇ ਤੇ ਟਿਕਟਾਂ ਦੀ ਖਰੀਦ ਨੂੰ ਲੈ ਕੇ ਹੇਠਾਂ ਦੱਸੀਆਂ ਜਾ ਰਹੀਆਂ ਸ਼ਰਤਾਂ ਦੀ ਪਾਲਣਾਂ ਕਰਨਗੇ :*

1) ਪਾਰਕ ਦੀ ਪ੍ਰਾਪਰਟੀ, ਗਰਾਊਂਡਾਂ, ਫਸਿਲਿਟੀਜ਼ ਤੇ ਡਰਾਈਵ ਥਰੂ ਗੇਮ ਰਿਜ਼ਰਵਜ਼ ਵਿੱਚ ਦਾਖਲ ਹੋਣ ਵਾਲੇ ਸਾਰੇ ਵਿਅਕਤੀ ਅਜਿਹਾ ਨਿਰੋਲ ਆਪਣੇ ਰਿਸਕ ਉੱਤੇ ਕਰਨਗੇ ਤੇ ਇਨ੍ਹਾਂ ਸ਼ਰਤਾਂ ਤਹਿਤ ਅਜਿਹਾ ਕਰਨਗੇ। ਕਿਸੇ ਤਰ੍ਹਾਂ ਦੇ ਨੁਕਸਾਨ, ਸੱਟ-ਫੇਟ ਜਾਂ ਟੁੱਟ ਭੱਜ ਦੀ ਕੋਈ ਜ਼ਿੰਮੇਵਾਰੀ ਪਾਰਕ ਦੀ ਨਹੀਂ ਹੋਵੇਗੀ। ਹਰ ਵਿਜ਼ਿਟਰ ਨੂੰ ਟਿਕਟ ਬੂਥ ਦਾਖਲੇ ਰਾਹੀਂ ਪਾਰਕ ਵਿੱਚ ਦਾਖਲ ਹੋਣਾ ਹੋਵੇਗਾ ਤੇ ਦਾਖਲਾ ਫੀਸ ਭਰਨੀ ਹੋਵੇਗੀ।

2) **ਬੱਚਿਆਂ ਦੀ ਨਿਗਰਾਨੀ :** ਬੱਚਿਆਂ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਕਸਟੋਡੀਅਨਜ਼ ਦੀ ਹੋਵੇਗੀ। ਬੱਚਿਆਂ ਨੂੰ ਕਿਤੇ ਵੀ ਇੱਕਲਿਆਂ ਨਾ ਛੱਡੋ। ਹਰ ਸਮੇਂ ਆਪਣੇ ਬੱਚਿਆਂ ਦੀ ਨਿਗਰਾਨੀ ਰੱਖੋ ਖਾਸ ਤੌਰ ਉੱਤੇ ਜਾਨਵਰਾਂ ਦੇ ਸੰਪਰਕ ਵਾਲੇ ਇਲਾਕਿਆਂ ਵਿੱਚ।

3) ਵਿਜ਼ੀਟਰਜ਼ ਨੂੰ ਜਾਨਵਰਾਂ ਨੂੰ ਛੂਹਣ ਜਾਂ ਉਨ੍ਹਾਂ ਨਾਲ ਕਲੋਲਾਂ ਕਰਨ ਦੀ ਇਜਾਜ਼ਤ ਨਹੀਂ ਹੈ। ਜਾਨਵਰਾਂ **ਨੂੰ ਖਾਣਾ ਨਾ ਦਿਓ!** ਆਪਣੇ ਜਾਨਵਰਾਂ ਦੀ ਸਿਹਤ ਤੇ ਸੇਫਟੀ ਲਈ ਅਸੀਂ ਵਿਜ਼ੀਟਰਜ਼ ਨੂੰ ਬੇਨਤੀ ਕਰਦੇ ਹਾਂ ਕਿ ਉਹ ਜਾਨਵਰਾਂ ਨੂੰ ਖਾਣਾ ਨਾ ਦੇਣ। ਉਨ੍ਹਾਂ ਦਾ ਖਾਣਾ ਖਾਸ ਤੌਰ ਉੱਤੇ ਸਾਡੇ ਸਟਾਫ ਵੱਲੋਂ ਉਨ੍ਹਾਂ ਦੀਆਂ ਖੁਰਾਕ ਸਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤਾ ਜਾਂਦਾ ਹੈ।

4) ਜੇ ਕਿਸੇ ਡਰਾਈਵ ਥਰੂ ਗੇਮ ਰਿਜ਼ਰਵ ਵਿੱਚ ਤੁਹਾਡੀ ਗੱਡੀ ਖਰਾਬ ਹੋ ਜਾਵੇ ਤਾਂ **ਆਪਣੀ ਗੱਡੀ ਵਿੱਚੋਂ ਬਾਹਰ ਨਾ ਨਿਕਲੋ।** ਅਜਿਹੀ ਸਥਿਤੀ ਵਿੱਚ ਆਪਣਾ ਹੌਰਨ ਵਜਾਓ ਤੇ ਗਸ਼ਤ ਕਰ ਰਹੀ ਗੱਡੀ ਦੇ ਆਉਣ ਤੇ ਆ ਕੇ ਤੁਹਾਡੀ ਮਦਦ ਕਰਨ ਦਾ ਇੰਤਜ਼ਾਰ ਕਰੋ।

5) ਗੱਡੀ ਜਾਂ ਟਰੇਲਰਜ਼, ਕਾਰ, ਬ੍ਰੈਸ, ਟਾਇਰ, ਲਾਈਟਾਂ ਜਾਂ ਕੈਨਵਸ ਕਵਰਜ਼, ਵਿਨਾਇਲ ਰੂਫਸ ਜਾਂ ਹੋਰ ਅਸੈਸਰੀਜ਼ ਨੂੰ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਜ਼ਿੰਮੇਵਾਰੀ ਸਾਡੇ ਵੱਲੋਂ ਸਵੀਕਾਰੀ ਨਹੀਂ ਜਾਵੇਗੀ। ਅਜਿਹੀ ਸਥਿਤੀ ਵਿੱਚ ਆਪਣੇ ਨਾਲ ਲਿਆਂਦੇ ਨਿਕਸੁਕ ਨੂੰ ਹਟਾ ਦਿਓ। ਪਾਵਰ ਐਂਟੀਨਾ ਨੂੰ ਨੀਵਾਂ ਕਰਕੇ ਰੱਖੋ।

6) ਡਰਾਈਵ ਥਰੂ ਗੇਮ ਰਿਜ਼ਰਵਜ਼ ਵਿੱਚ ਕਨਵਰਟੀਬਲ ਗੱਡੀਆਂ, ਨਰਮ ਛੱਤ ਵਾਲੀਆਂ ਗੱਡੀਆਂ, ਨਰਮ ਟਾਇਰ ਕਵਰਜ਼ ਤੇ ਤਿੜਕੀਆਂ ਹੋਈਆਂ ਖਿੜਕੀਆਂ ਵਾਲੀਆਂ ਗੱਡੀਆਂ ਦੀ ਇਜਾਜ਼ਤ ਨਹੀਂ ਹੋਵੇਗੀ।

7) ਡਰਾਈਵ ਥਰੂ ਗੇਮ ਰਿਜ਼ਰਵਜ਼ ਵਿੱਚ ਨਰਮ ਪਿੱਕਅੱਪ ਟਰੱਕ ਬੈੱਡ (ਤਲ) ਕਵਰਜ਼ ਲਿਜਾਣ ਦੀ ਇਜਾਜ਼ਤ ਨਹੀਂ ਹੈ। ਸਾਰੇ ਪਿੱਕਅੱਪ ਟਰੱਕਾਂ ਦੇ ਬੈੱਡ (ਤਲ) ਲਾਜ਼ਮੀ ਤੌਰ ਉੱਤੇ ਖਾਲੀ ਹੋਣੇ ਚਾਹੀਦੇ ਹਨ ਤੇ ਉਨ੍ਹਾਂ ਵਿੱਚ ਕਿਸੇ ਤਰ੍ਹਾਂ ਦਾ ਮਲਬਾ ਨਹੀਂ ਹੋਣਾ ਚਾਹੀਦਾ। ਗੇਮਜ਼ ਰਿਜ਼ਰਵਜ਼ ਵਿੱਚ ਲਿਜਾਈਆਂ ਜਾਣ ਵਾਲੀਆਂ ਗੱਡੀਆਂ ਨੂੰ ਐਂਟਰੀ ਸਮੇਂ ਜਾਂਚਿਆ ਜਾਵੇਗਾ। ਦਾਖਲਾ ਅਫਰੀਕਨ ਲਾਇਨ ਸਫਾਰੀ ਪਰਸੋਨਲ

ਦੀ ਇਜਾਜ਼ਤ ਉੱਤੇ ਹੀ ਹੋ ਸਕੇਗਾ। ਮੇਨ ਆਫਿਸ ਦੇ ਪਿਛਲੇ ਪਾਸੇ ਤੁਸੀਂ ਆਪਣਾ ਸਮਾਨ ਜਮ੍ਹਾਂ ਕਰਵਾ ਸਕਦੇ ਹੋਂ। ਤਾਲੇ ਟਿਕਟ ਬੂਥ ਜਾਂ ਮੇਨ ਆਫਿਸ ਤੋਂ ਉਪਲਬਧ ਹੋਣਗੇ।

8) ਸਾਰੇ ਸਾਈਨਜ਼ (ਸੰਕੇਤਾਂ ਤੇ ਚਿੰਨ੍ਹਾਂ) ਦੀ ਪਾਲਣਾ ਕਰੋ। ਸਾਰੀਆਂ ਖਿੜਕੀਆਂ ਤੇ ਛੱਤ ਵਾਲੀਆਂ ਖਿੜਕੀਆਂ ਨੂੰ ਬੰਦ ਰੱਖੋ। ਦਰਵਾਜ਼ੇ ਬੰਦ ਰੱਖੋ।

**9) ਫੋਟੋਗ੍ਰਾਫੀ ਤੇ ਫਿਲਮ ਬਣਾਉਣ ਸਬੰਧੀ ਨੀਤੀ :** ਮਹਿਮਾਨਾਂ ਵੱਲੋਂ 1) ਅਫਰੀਕਨ ਲਾਇਨ ਸਫਾਰੀ ਦੀ ਸੰਪਤੀ, ਅਹਾਤੇ ਤੇ 2) ਪੰਛੀਆਂ ਤੇ ਜਾਨਵਰਾਂ ਦੀਆਂ ਲਈਆਂ ਜਾਣ ਵਾਲੀਆਂ ਸਾਰੀਆਂ ਤਸਵੀਰਾਂ, ਫੋਟੋਆਂ ਤੇ ਜਾਂ ਫਿਰ ਕਿਸੇ ਵੀ ਰੂਪ ਵਿੱਚ ਬਣਾਈ ਗਈ ਵੀਡੀਓ ਆਦਿ ਸਿਰਫ ਉਨ੍ਹਾਂ ਦੀ ਨਿਜੀ ਵਰਤੋਂ ਲਈ ਹੋਵੇਗੀ। ਅਫਰੀਕਨ ਲਾਇਨ ਸਫਾਰੀ ਦੀ ਪੂਰੀ ਲਿਖਤੀ ਸਹਿਮਤੀ ਤੋਂ ਬਿਨਾਂ ਤੇ ਜਾਂ ਫਿਰ ਅਫਰੀਕਨ ਲਾਇਨ ਸਫਾਰੀ ਤੋਂ ਉਚੇਚਾ ਲਾਇਸੰਸ ਲਏ ਬਿਨਾਂ ਇਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਵਰਤੋਂ, ਮੁੜ ਵਰਤੋਂ ਜਾਂ ਕਮਰਸ਼ੀਅਲ ਮਕਸਦ ਲਈ ਵਰਤੋਂ ਦੀ ਪੂਰੀ ਮਨਾਹੀ ਹੈ।

**10) ਕੰਜ਼ਿਊਮਰ ਇਮੇਜ ਪਾਲਿਸੀ ਤੇ ਗੈਸਟ ਅਵੇਅਰਨੈੱਸ :** ਅੱਜ ਤੁਹਾਡੇ ਦੌਰੇ ਦੌਰਾਨ ਅਫਰੀਕਨ ਲਾਇਨ ਸਫਾਰੀ ਵੱਲੋਂ ਜਾਂ ਉਨ੍ਹਾਂ ਦੇ ਪੱਖ ਉੱਤੇ ਤੁਹਾਨੂੰ ਫਿਲਮਾਇਆ ਜਾ ਸਕਦਾ ਹੈ, ਤੁਹਾਡੀਆਂ ਗਤੀਵਿਧੀਆਂ ਨੂੰ ਰਿਕਾਰਡ ਕੀਤਾ ਜਾ ਸਕਦਾ ਹੈ ਜਾਂ ਤੁਹਾਡੀ ਫੋਟੋ ਆਦਿ ਲਈ ਜਾ ਸਕਦੀ ਹੈ। ਪਾਰਕ ਵਿੱਚ ਤੁਹਾਡੇ ਦਾਖਲੇ ਨੂੰ ਤੁਹਾਡੀ ਫਿਲਮ ਦੀ ਵਰਤੋਂ ਕਰਨ, ਉਸ ਨੂੰ ਰਿਕਾਰਡ ਕਰਨ, ਮੁੜ ਉਤਪਾਦਤ ਕਰਨ, ਬਰੌਡਕਾਸਟ ਕਰਨ, ਵੇਚਣ ਤੇ ਵੰਡਣ ਆਦਿ ਲਈ ਤੁਹਾਡੀ ਇਜਾਜ਼ਤ ਮੰਨਿਆ ਜਾਵੇਗਾ।

# ਪਾਰਕ ਦੀਆਂ ਨੀਤੀਆਂ

**ਵਿਸ਼ੇਸ਼ ਖਿੱਚ ਦੇ ਕੇਂਦਰਾਂ ਤੇ ਟੂਰ ਆਦਿ ਲਈ ਸੇਫਟੀ :** ਬੱਚਿਆਂ ਦੇ ਖੇਡਣ ਵਾਲੀਆਂ ਸਾਰੀਆਂ ਥਾਵਾਂ ਉੱਤੇ ਕੱਦ ਸਬੰਧੀ ਪਾਬੰਦੀਆਂ ਅਪਲਾਈ ਹੋਣਗੀਆਂ। ਹਰੇਕ ਥਾਂ ਉੱਤੇ ਦੱਸੀਆਂ ਗਈਆਂ ਪਾਬੰਦੀਆਂ ਦਾ ਖਿਆਲ ਜ਼ਰੂਰ ਰੱਖਿਆ ਜਾਵੇ। ਕਿਸ਼ਤੀ ਤੇ ਰੇਲਗੱਡੀ ਸਮੇਤ ਟੂਰ ਕਰਵਾਉਣ ਵਾਲੇ ਸਾਰੇ ਵਾਹਨਾਂ ਉੱਤੇ ਆਪਣੇ ਹੱਥ, ਬਾਹਾਂ, ਪੈਰ ਤੇ ਲੱਤਾਂ ਅੰਦਰ ਕਰਕੇ ਬੈਠੋ। ਪਾਰਕ ਦੀਆਂ ਕੁੱਝ ਥਾਵਾਂ/ਟੂਰਾਂ/ਰਾਈਡਜ਼ ਆਦਿ ਉੱਤੇ ਬੈਠਣ ਤੇ ਰੋਕਾਂ ਆਦਿ ਕਾਰਨ ਉਮਰਦਰਾਜ਼ ਵਿਅਕਤੀਆਂ ਜਾਂ ਕਿਸੇ ਵਿਸ਼ੇਸ਼ ਆਕਾਰ ਤੇ ਸਾਈਜ਼ ਵਾਲੇ ਮਹਿਮਾਨਾਂ ਨੂੰ ਉਨ੍ਹਾਂ ਦੀ ਵਰਤੋਂ ਦੀ ਮਨਾਹੀ ਹੈ। ਸੇਫਟੀ ਲਈ ਤੁਹਾਨੂੰ ਸਿਹਤਮੰਦ ਹੋਣਾ ਚਾਹੀਦਾ ਹੈ ਤੇ ਬਲੱਡ ਪ੍ਰੈਸ਼ਰ, ਦਿਲ, ਪਿੱਠ ਜਾਂ ਗਰਦਨ ਦੀਆਂ ਸਮੱਸਿਆਵਾਂ ਜਾਂ ਹੋਰ ਦਿੱਕਤਾਂ ਜਿਹੜੀਆਂ, ਪਾਰਕ ਦੀਆਂ ਖਾਸ ਆਕ੍ਰਤੀਆਂ/ਟੂਰਜ਼/ਰਾਈਡਜ਼ ਉੱਤੇ ਜਾਣ ਕਾਰਨ ਵਧ ਸਕਦੀਆਂ ਹਨ, ਤੋਂ ਵੀ ਮੁਕਤ ਹੋਣਾ ਚਾਹੀਦਾ ਹੈ। ਕਿਸੇ ਅਣਸੁਖਾਵੇਂ ਹਾਲਾਤ, ਪ੍ਰਦਰਸ਼ਨ, ਟੂਰ ਤੇ ਜਾਂ ਹੋਰ ਆਕ੍ਰਤੀਆਂ ਕੰਮ ਨਹੀਂ ਕਰਦੀਆਂ ਹੋ ਸਕਦੀਆਂ। ਕਿਰਪਾ ਕਰਕੇ ਇਸ ਦੀ ਜਾਣਕਾਰੀ ਹਾਸਲ ਕਰੋ।

**ਖਰਾਬ ਮੌਸਮ :** ਪਾਰਕ ਦੀਆਂ ਕੁੱਝ ਆਕ੍ਰਤੀਆਂ/ਟੂਰ/ਰਾਈਡਜ਼/ਸ਼ੋਅਜ਼ ਆਦਿ ਖਰਾਬ ਮੌਸਮ ਕਾਰਨ ਅਸਥਾਈ ਤੌਰ ਉੱਤੇ ਬੰਦ ਹੋ ਸਕਦੇ ਹਨ। ਜਿਵੇਂ ਹੀ ਹਾਲਾਤ ਸੁਰੱਖਿਅਤ ਆਪਰੇਸ਼ਨ ਦੀ ਖੁੱਲ੍ਹ ਦੇਣਗੇ ਅਸੀਂ ਇਨ੍ਹਾਂ ਨੂੰ ਦੁਬਾਰਾ ਸ਼ੁਰੂ ਕਰ ਦਿਆਂਗੇ। ਠੰਢੇ ਮੌਸਮ ਵਿੱਚ ਕੁੱਝ ਖਾਸ ਜਾਤੀ, ਨਸਲ ਦੇ ਜਾਨਵਰਾਂ ਨੂੰ ਬਾਹਰ ਨਹੀਂ ਕੱਢਿਆ ਜਾਵੇਗਾ। ਖਰਾਬ ਮੌਸਮ ਕਾਰਨ ਪੈਸੇ ਮੋੜੇ ਨਹੀਂ ਜਾਣਗੇ ਤੇ ਨਾ ਹੀ ਰੇਨ ਚੈੱਕ ਦਿੱਤੇ ਜਾਣਗੇ।

**ਪਾਰਕ ਦੀ ਪ੍ਰੌਪਰਟੀ ਉੱਤੇ ਪਾਲਤੂ ਲਿਆਉਣ ਦੀ ਇਜਾਜ਼ਤ ਨਹੀਂ :** ਅਫਰੀਕਨ ਲਾਇਨ ਸਫਾਰੀ ਆਪਣੀ ਪ੍ਰੌਪਰਟੀ ਉੱਤੇ ਜਾਂ ਡਰਾਈਵ ਥਰੂ ਗੇਮਜ਼ ਰਿਜ਼ਰਵ ਵਿੱਚ ਕਿਸੇ ਵੀ ਤਰ੍ਹਾਂ ਦੇ ਪਾਲਤੂ ਜਾਨਵਰਾਂ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਦਿੰਦੀ। ਪਾਲਤੂਆਂ ਦੀ ਸਾਂਭ ਸੰਭਾਲ ਲਈ ਮੇਨ ਆਫਿਸ ਦੇ ਪਿਛਲੇ ਪਾਸੇ ਕੁੱਤਾ ਘਰ ਆਦਿ ਹਨ। ਟਿਕਟ ਬੂਥ ਜਾਂ ਮੇਨ ਆਫਿਸ ਉੱਤੇ ਤਾਲੇ ਉਪਲਬਧ ਹਨ।

**ਸਰਵਿਸ ਜਾਨਵਰ :** ਪ੍ਰੌਪਰਟੀ ਉੱਤੇ ਸਰਵਿਸ ਜਾਨਵਰਾਂ ਦਾ ਸਵਾਗਤ ਹੈ, ਪਰ ਫਿਰ ਵੀ ਪਾਬੰਦੀਆਂ ਲਾਗੂ ਹੋਣਗੀਆਂ। ਕਿਰਪਾ ਕਰਕੇ ਮੇਨ ਆਫਿਸ ਦਾ ਦੌਰਾ ਜ਼ਰੂਰ ਕਰੋ ਤਾਂ ਕਿ ਤੁਸੀਂ ਪਾਰਕ ਦੀਆਂ ਨੀਤੀਆਂ ਤੇ ਕਾਰਜਪ੍ਰਣਾਲੀ ਤੋਂ ਭਲੀ ਭਾਂਤ ਜਾਣੂ ਹੋ ਸਕੋਂ।

**ਧੂੰਆਂ ਰਹਿਤ ਸਫਾਰੀ :** ਅਫਰੀਕਨ ਲਾਇਨ ਸਫਾਰੀ ਧੂੰਆਂ ਰਹਿਤ ਪਾਰਕ ਹੈ ਤੇ ਇੱਥੇ ਸਿਗਰਟਨੋਸ਼ੀ ਕਰਨ ਲਈ ਤਿੰਨ ਥਾਵਾਂ ਖਾਸ ਤੌਰ ਉੱਤੇ ਰਾਖਵੀਆਂ ਹਨ। ਕਿਰਪਾ ਕਰਕੇ ਸਿਗਰਟਨੋਸ਼ੀ ਲਈ ਰਾਖਵੀਆਂ ਥਾਵਾਂ ਦਾ ਪਤਾ ਲਾਉਣ ਲਈ ਪਾਰਕ ਦਾ ਮੈਪ ਵੇਖੋ।

**ਸਟਰੋਲਰ ਤੇ ਵੈਗਨ ਪਾਰਕਿੰਗ :** ਸਟਰੋਲਰਜ਼/ਵੈਗਨਜ਼/ ਕਾਰ ਸੀਟਾਂ/ ਬੱਚਿਆਂ ਦੇ ਕਰੀਅਰ ਲੈ ਕੇ ਜਾਣ ਦੀ ਸਫਾਰੀ ਟੂਰ ਬੱਸਾਂ, ਕਿਸ਼ਤੀਆਂ ਜਾਂ ਰੇਲ ਗੱਡੀ ਵਾਲੇ ਟੂਰਜ਼ ਆਦਿ ਵਿੱਚ ਖੁੱਲ੍ਹ ਨਹੀਂ ਹੋਵੇਗੀ। ਸਟਰੋਲਰਜ਼ ਤੇ ਵੈਗਨਜ਼ ਵਾਲੇ ਮਹਿਮਾਨਾਂ ਨੂੰ ਇਹ ਚੀਜ਼ਾਂ ਪ੍ਰਦਰਸ਼ਨ ਵਾਲੀ ਥਾਂ, ਟਰੇਨ ਸਟੇਸ਼ਨ ਤੇ ਬੋਟ ਡੌਕ ਤੇ ਹੋਰ ਟੂਰ ਏਰੀਆਜ਼ ਤੋਂ ਬਾਹਰਵਾਰ ਨਿਰਧਾਰਤ ਇਲਾਕਿਆਂ ਵਿੱਚ ਪਾਰਕ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ। ਕਿਰਪਾ ਕਰਕੇ ਆਪਣੇ ਸਟਰੋਲਰ/ਵੈਗਨ ਤੇ ਉਨ੍ਹਾਂ ਦੀ ਸਮੱਗਰੀ ਦੀ ਹਿਫਾਜ਼ਤ ਕਰੋ ਕਿਉਂਕਿ ਕਿਸੇ ਤਰ੍ਹਾਂ ਦੇ ਨੁਕਸਾਨ ਲਈ ਅਫਰੀਕਨ ਲਾਇਨ ਸਮੱਗਰੀ ਜ਼ਿੰਮੇਵਾਰ ਨਹੀਂ ਹੋਵੇਗੀ।

**ਸ਼ਰਾਬ ਸਬੰਧੀ ਨੀਤੀ :** ਪਾਰਕ ਵਿੱਚ ਕਿਸੇ ਵੀ ਤਰ੍ਹਾਂ ਦੀ ਨਸ਼ੀਲੇ ਪੇਅ ਪਦਾਰਥ ਲਿਆਉਣ ਦੀ ਇਜਾਜ਼ਤ ਨਹੀਂ ਹੋਵੇਗੀ। ਲਾਇਸੰਸਸ਼ੁਦਾ ਪੇਅ ਪਦਾਰਥਾਂ ਦੀਆਂ ਥਾਵਾਂ ਦਾ ਪਤਾ ਲਾਉਣ ਲਈ ਪਾਰਕ ਦਾ ਮੈਪ ਵੇਖੋ। ਲਾਇਸੰਸਸ਼ੁਦਾ ਖਾਣਾ ਖਾਣ ਵਾਲੀਆਂ ਥਾਵਾਂ ਤੋਂ ਇਲਾਵਾ ਬਾਹਰ ਕਿਤੇ ਵੀ ਨਸ਼ੀਲੇ ਪੇਅ ਪਦਾਰਥ ਲੈਣ ਦੀ ਇਜਾਜ਼ਤ ਨਹੀਂ ਹੋਵੇਗੀ।